# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ

ਕੰਪਲੈਕਸ ਪੰਜਾਬ ਸਕੂਲ ਸਿੱਖਿਆ ਬੋਰਡ (ਫੇਜ-8), ਸਾਅਸ ਨਗਰ
(ਸਪੋਰਟਸ ਸ਼ਾਖਾ)

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)।
ਸਮੂਹ ਸਕੂਲ ਮੁੱਖੀ, ਪੰਜਾਬ।
ਈ.ਫਾਈਲ ਨੰ. 116390
ਮਿਤੀ ਐਸ.ਏ.ਐਸ. ਨਗਰਃ

ਵਿਸ਼ਾਃ **Fit India Quiz 2022 ਲਈ ਰਜਿਸਟ੍ਰੇਸ਼ਨ ਕਰਵਾਉਣ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ Sports Authority of India Fit India Mission ਦੇ Mission Director (Fit India) ਵੱਲੋਂ ਮਿਤੀ 22-08-2022 ਨੂੰ ਅਰਧ ਸਰਕਾਰੀ ਪੱਤਰ ਅਤੇ ਸਰਕੂਲਰ ਜਾਰੀ ਕੀਤਾ ਗਿਆ ਹੈ। ਇਸ ਸਰਕੂਲਰ ਅਨੁਸਾਰ Fit India Quiz ਸਬੰਧੀ ਮਿਤੀ 29-08-2022 ਨੂੰ Youth Affairs and Sports ਦੇ ਮਾਨਯੋਗ ਮੰਤਰੀ ਵੱਲੋਂ Fit India Quiz 2022 ਦਾ Second edition ਐਲਾਨਿਆ ਜਾਵੇਗਾ। ਇਸ ਦਾ ਐਲਾਨ Fit India Mission ਦੇ YouTube Channel (https://www.youtube.com/c/FitIndiaMovement2019) ਅਤੇ Fit India Movement ਦਾ FB Page (https://facebook.com/FitIndiaOff) ਉੱਤੇ ਲਾਈਵ ਟੈਲੀਕਾਸਟ ਹੋਵੇਗਾ ਅਤੇ ਇਸ ਪ੍ਰੋਗਾਮ ਦਾ ਪ੍ਰਸਾਰਣ ਨੈਸ਼ਨਲ ਟੀ.ਵੀ ਚੈਨਲਾ ਤੋਂ ਇਲਾਵਾ ਸਟਾਰ ਸਪੋਰਟਸ ਚੈਨਲ ਤੇ ਵੀ ਟੈਲੀਕਾਸਟ ਹੋਵੇਗਾ। Fit India Quiz 2022 ਲਈ ਰਜਿਸਟ੍ਰੇਸ਼ਨ ਮਿਤੀ 03-09-2022 ਤੋਂ ਸ਼ੁਰੂ ਕੀਤੀ ਜਾ ਰਹੀ ਹੈ। Fit India Quiz 2022 ਲਈ ਪੂਰੇ ਭਾਰਤ ਦੇ ਸਕੂਲਾਂ ਅਤੇ ਬੱਚਿਆ ਲਈ 3.25 ਕਰੋੜ ਦੀ ਨਕਦ ਇਨਾਮ ਦੀ ਰਾਸ਼ੀ ਰੱਖੀ ਗਈ ਹੈ।

ਮਿਤੀ 22-08-2022 ਦੇ ਸਰਕੂਲਰ ਅਨੁਸਾਰ ਇਸ Quiz ਦਾ ਉਦੇਸ਼ ਸਾਰਿਆਂ ਨੂੰ Fit Life (fitness and sports) ਸਬੰਧੀ ਰਾਸ਼ਟਰੀ ਪੱਧਰ ਤੇ ਗਿਆਨ ਮੁਹੱਈਆ ਕਰਵਾਉਣਾ ਹੈ। ਇਸ Quiz ਦੇ ਚਾਰ ਰਾਊਂਡਜ ਹੇਠ ਲਿਖੇ ਅਨੁਸਾਰ ਸ਼ਾਮਿਲ ਕੀਤੇ ਗਏ ਹਨਃ.

A. School Round: To be conducted by the school to select students for registration in the Fit India Quiz Preliminary Round. It is the Responsibility of the School that they encourage maximum students to participate in the Fit India Quiz 2022.

B. Preliminary Round: To be a multiple-choice online round conducted by the National Testing Agency( India's premiere examination body that conducts national-level exams such as JEE and NEET). The country-wide quiz will be organized in 13 languages for benefit of students studying in regional medium schools.

Scanned with Oken Scanner

C. State Round: To be conducted by each State/UTs with the support from FIT India Mission amongst School qualified after the preliminary round. The detailed process of qualification of the school is described in the annexure. This round will be anchored by a professional quiz master and will be telecast on Fit India Mission social media handles.

D. National Round: Final round in which the winning team of each State/UT will participate and fight for the TOP TITLE of the national Winner of FIT INDIA QUIZ 2022. First Runner Up and Second Runner Up prizes will also be decided. This will be a grant event to be hosted by Fit India Icon.

ਇਸ ਸਰਕੂਲਰ ਅਨੁਸਾਰ ਰਜਿਸਟ੍ਰੇਸ਼ਨ ਪੂਰੇ ਭਾਰਤ ਦੇ ਸਾਰੇ ਸਕੂਲਾਂ ਲਈ ਖੁੱਲੀ ਹੋਵੇਗੀ। ਇਸ Quiz ਲਈ, ਸਬੰਧਤ ਸਕੂਲ Fit India ਦੀ ਵੈਬਸਾਈਟ (www.fitindia.gov.in) ਉਤੇ ਉਪਲੱਬਧ ਲਿੰਕ ਤੇ ਘੱਟੋ-ਘੱਟ 02 ਵਿਦਿਆਰਥੀ ਦੀ ਰਜਿਸਟ੍ਰੇਸ਼ਨ ਕਰਨੀ ਲੋੜੀਂਦੀ ਹੈ। ਸਕੂਲਜ 02 ਵਿਦਿਆਰਥੀਆਂ ਤੋਂ ਜਿਆਦਾ ਦੀ ਵੀ ਰਜਿਸਟ੍ਰੇਸ਼ਨ ਕਰ ਸਕਦੇ ਹਨ। ਸਿੰਗਲ ਸਕੂਲ ਵੱਲੋਂ Fit India Quiz ਲਈ ਰਜਿਸਟ੍ਰੇਸ਼ਨ ਕੀਤੇ ਜਾਣ ਵਾਲੇ ਵਿਦਿਆਰਥੀਆਂ ਵਾਸਤੇ ਕੋਈ ਗਿਣਤੀ ਸੀਮਤ ਨਹੀਂ ਹੈ ਭਾਵ ਸਿੰਗਲ ਸਕੂਲ ਵੱਧ ਤੋਂ ਵੱਧ ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ। ਸਰਕੂਲਰ ਅਨੁਸਾਰ ਹਰ ਇੱਕ ਵਿਦਿਆਰਥੀ ਦੀ ਰਜਿਸਟ੍ਰੇਸ਼ਨ ਕਰਨ ਸਮੇਂ 50/-ਰੁਪਏ ਪ੍ਰਤੀ ਵਿਦਿਆਰਥੀ ਰਜਿਸਟ੍ਰੇਸ਼ਨ ਫੀਸ ਭਰੀ ਜਾਣੀ ਹੈ। ਸਕੂਲ ਵੱਲੋਂ ਇਹ ਰਜਿਸਟ੍ਰੇਸ਼ਨ ਅਤੇ ਫੀਸ Fit India ਦੀ ਵੈਬਸਾਈਟ ਉਪਰ ਦਿੱਤੇ ਰਜਿਸਟ੍ਰੇਸ਼ਨ ਲਿੰਕ ਤੇ ਹੀ ਭਰੀ ਜਾਣੀ ਹੈ।

ਇਸ ਲਈ ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਅਤੇ ਸਮੂਹ ਸਕੂਲ ਮੁੱਖੀਆਂ ਨੂੰ ਲਿਖਿਆ ਜਾਂਦਾ ਹੈ ਕਿ ਉਕਤ ਭਾਰਤ ਸਰਕਾਰ ਦੇ ਨਾਲ ਨੱਥੀ ਸਰਕੂਲਰ ਅਨੁਸਾਰ ਮਿਤੀ 29-08-2022 ਨੂੰ Fit India Mission ਦੇ YouTube Channel (https://www.youtube.com/c/FitIndiaMovement2019) ਉੱਤੇ, Fit India Movement ਦਾ FB Page (https://facebook.com/FitIndiaOff) ਉੱਤੇ, ਇਸ ਪ੍ਰੋਗਾਮ ਦਾ ਪ੍ਰਸਾਰਣ ਨੈਸ਼ਨਲ ਟੀ.ਵੀ ਚੈਨਲਾ ਤੋਂ ਇਲਾਵਾ ਸਟਾਰ ਸਪੋਰਟਸ ਚੈਨਲ ਤੇ ਹੋ ਰਹੇ ਟੈਲੀਕਾਸਟ ਬਾਰੇ ਦੱਸਿਆ ਜਾਵੇ। ਇਸ ਦੇ ਨਾਲ ਹੀ ਨਾਲ ਨੱਥੀ ਸਰਕੂਲਰ ਅਨੁਸਾਰ ਵਿਦਿਆਰਥੀਆਂ ਦੀ ਰਜਿਸਟ੍ਰੇਸਨ ਕਰਵਾਈ ਜਾਵੇ। ਇਹ ਰਜਿਸਟ੍ਰੇਸ਼ਨ Fit India ਦੀ website (www.fitindia.gov.in) ਉੱਤੇ ਮਿਤੀ 3-09-2022 ਤੋਂ ਆਰੰਭ ਕਰਵਾਈ ਜਾਣੀ ਹੈ।

ਨੱਥੀ: 1) ਮਿਤੀ 22-08-2022 ਦਾ ਅਰਧ ਸਰਕਾਰੀ ਪੱਤਰ ਅਤੇ ਸਰਕੂਲਰ।

2) Fit India Quiz 2022 ਦੀਆਂ ਗਾਈਡਲਾਇਨਜ ਨੱਥੀ ਕੀਤੀਆਂ ਜਾਂਦੀਆਂ ਹਨ ਅਤੇ ਵਧੇਰੇ ਜਾਣਕਾਰੀ ਲਈ Fit India ਦੀ website (www.fitindia.gov.in) ਉੱਤੇ ਵਿਜਿਟ ਕੀਤਾ ਜਾਵੇ।

ਡਿਪਟੀ ਡਾਇਰੈਕਟਰ(ਫਿਜੀਕਲ ਐਜੂਕੇਸ਼ਨ)

ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ. ਸਿ) ਬਠਿੰਡਾ

ਪੱਤਰ ਨੰ- ਕ-6/( ) 2022 ਮਿਤੀ 30/8/2022

ਉਪਰੋਕਤ ਦਾ ਉਤਾਰਾ ਜਿਲ੍ਹੇ ਦੇ ਸਮੂਹ ਸਕੂਲ ਮੁਖੀਆਂ ਨੂੰ ਲਿਖਕੇ ਭੇਜਿਆ ਜਾਂਦਾ ਹੈ ਕਿ ਇਸ ਪੱਤਰ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ।

ਜਿਲ੍ਹਾ ਸਿੱਖਿਆ ਅਫਸਰ (ਸੈ. ਸਿ)
ਬਠਿੰਡਾ

P.K
30/8/22

Scanned with Oken Scanner